# ਕੀ ਤੁਹਾਨੂੰ ਚਮਤਕਾਰ ਦੀ ਲੋੜ ਹੈ



ਪਰਿਵਾਰ ਦੇ ਮੈਂਬਰਾਂ ਦਾ ਇੱਕ ਬਹੁਤ ਵੱਡਾ ਸਮੂਹ ਇੱਕ ਬਿਹਤਰ ਜੀਵਨ ਦੀ ਉਮੀਦ ਕਰ ਰਿਹਾ ਸੀ ਅਤੇ ਇੱਕ ਨਵੇਂ ਦੇਸ਼ ਵਿੱਚ ਰਹਿਣ ਦਾ ਫੈਸਲਾ ਕੀਤਾ। ਹਾਲਾਂਕਿ ਸਫਰ ਆਸਾਨ ਨਹੀਂ ਸੀ। ਉਨ੍ਹਾਂ ਨੂੰ ਪੈਦਲ ਹੀ ਇੱਕ ਵੰਡੇ ਰੇਗਿਸਤਾਨ ਨੂੰ ਪਾਰ ਕਰਨਾ ਪਿਆ। ਉੱਥੇ ਸੱਪ, ਬਿੱਛੂ ਅਤੇ ਤੇਜ ਗਰਮੀ ਸੀ। ਉਹਨਾਂ ਵਿੱਚ ਬਿਮਾਰ ਤੇ ਕਮਜ਼ੋਰ ਲੋਕ ਕਾਫਲੇ ਨਾਲੋਂ ਪਿਛੇ ਰਹਿ ਜਾਂਦੇ ਸਨ, ਤਾਂ ਉਨ੍ਹਾਂ ਤੋਂ ਡਾਕੂਆਂ ਦੁਆਰਾ ਹਮਲਾ ਕੀਤਾ ਜਾਂਦਾ ਸੀ।

ਜਲਦੀ ਹੀ ਉਨ੍ਹਾਂ ਕੋਲ ਭੋਜਨ ਖਤਮ ਹੋ ਗਿਆ, ਪਰ ਉਨ੍ਹਾਂ ਦੇ ਨੇਤਾ ਨੇ ਇੱਕ ਚਮਤਕਾਰ ਲਈ ਪਰਮੇਸ਼ੁਰ ਨੂੰ ਦੁਹਾਈ ਦਿੱਤੀ। ਅਗਲੇ ਦਿਨ, ਜਦੋਂ ਲੋਕ ਜਾਗੇ, ਤਾਂ ਉਨ੍ਹਾਂ ਨੇ ਕਿਸੇ ਚੀਜ ਦੇ ਛੋਟੇ-ਛੋਟੇ ਟੁਕੜੇ ਪਾਏ ਜੋ ਰੋਟੀ ਵਾਂਗ ਜ਼ਮੀਨ ਉੱਤੇ ਖਿੱਲਰੇ ਹੋਏ ਦਿਖਾਈ ਦਿੱਤੇ। ਇਹ ਸੁਆਦੀ ਸੀ, ਜਿਵੇਂ ਸਹਿਦ ਦੇ ਨਾਲ ਵੇਫਰ ਅਤੇ ਹਰ ਕਿਸੇ ਲਈ ਆਪਣੀ ਭੁੱਖ ਮਿਟਾਉਣ ਲਈ ਕਾਫ਼ੀ ਸੀ। ਮਾਰੂਥਲ ਨੂੰ ਪਾਰ ਕਰਨ ਲਈ ਕਈ ਦਿਨ ਲੱਗ ਗਏ, ਅਤੇ ਹਰ ਰੋਜ਼ ਸਵਰਗ ਤੋਂ ਰੋਟੀ ਦੀ ਵਰਖਾ ਹੋਈ। ਪਰਮੇਸ਼ੁਰ ਦੀ ਉਸਤਤ ਕਰੋ, ਕਿਉਂਕਿ ਉਹ ਬਚ ਗਏ ਸਨ।

ਇਹ ਕਹਾਣੀ ਹੈਰਾਨੀਜਨਕ ਲੱਗ ਸਕਦੀ ਹੈ, ਪਰ ਇਹ ਸੱਚਮੁੱਚ ਹੋਇਆ ਹੈ। ਇਹ ਬਾਈਬਲ ਵਿੱਚ ਦੱਸੇ ਗਏ ਬਹੁਤ ਸਾਰੇ ਚਮਤਕਾਰਾਂ ਵਿੱਚੋਂ ਇੱਕ ਹੈ, ਜਿਸ ਨੂੰ ਤੁਸੀਂ ਤਵਾਰਤ, ਜ਼ਬੂਰ ਅਤੇ ਇੰਜੀਲ ਦੇ ਨਾਮ ਨਾਲ ਜਾਣਦੇ ਹੋਵੋਗੇ। ਬਾਈਬਲ ਵਿੱਚ ਸੈਂਕੜੇ ਸੱਚੀਆ ਕਹਾਣੀਆਂ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆ ਉਨ੍ਹਾਂ ਚਮਤਕਾਰਾਂ ਉੱਤੇ ਆਧਾਰਿਤ ਹਨ ਜੋ ਪਰਮੇਸ਼ੁਰ ਨੇ ਲੋਕਾਂ ਦੇ ਜੀਵਨ ਵਿੱਚ ਕੀਤੇ ਸਨ। ਇਹ ਅੱਜ ਦੇ ਸਮੇ ਲਈ ਇੱਕ ਮਹੱਤਵਪੂਰਨ ਕਿਤਾਬ ਹੈ,

ਜਦੋਂ ਬਹੁਤ ਸਾਰੇ ਲੋਕਾਂ ਨੂੰ ਆਪਣੇ ਖੁਦ ਦੇ ਜੀਵਨ ਵਿਚ ਚਮਤਕਾਰਾਂ ਦੀ ਲੋੜ ਹੁੰਦੀ ਹੈ।

## ਆਧੁਨਿਕ-ਦਿਨ ਦੇ ਚਮਤਕਾਰ

ਹਾਲ ਹੀ ਦੇ ਸਾਲਾਂ ਵਿੱਚ, ਅਸੀ ਘਰੇਲੂ ਯੁੱਧ ਇਨਕਲਾਬ, ਆਰਥਿਕ ਪਤਨ, ਬੇਰੁਜ਼ਗਾਰੀ, ਛੂਤ ਦੀਆਂ ਬਿਮਾਰੀਆਂ, ਅਤੇ ਮੌਤ ਅਤੇ ਬਹੁਤ ਕੁੱਝ ਦੇਖਿਆ ਹੈ। ਮੈਨੂੰ ਪਤਾ ਨਹੀਂ ਕਿ ਤੁਹਾਡੀ ਸਥਿਤੀ ਇਸ ਵੇਲੇ ਕੀ ਹੈ। ਤੁਹਾਨੂੰ ਤੁਹਾਡੇ ਘਰ ਤੋਂ ਉਖਾੜ ਦਿੱਤਾ ਜਾ ਸਕਦਾ ਹੈ ਹੋ ਸਕਦਾ ਹੈ ਕਿ ਤੁਹਾਡਾ ਕੋਈ ਖਾਸ ਜੀਵਨ ਅਤੇ ਮੌਤ ਦੇ ਵਿਚਕਾਰ ਲਟਕ ਰਿਹਾ ਹੋਵੇ। ਤੁਹਾਨੂੰ ਨੌਕਰੀ ਲੱਭਣ ਲਈ ਸੰਘਰਸ਼ ਕਰਨਾ ਪੈ ਸਕਦਾ ਹੈ।

ਤੁਹਾਡੀ ਸਥਿਤੀ ਜੋ ਵੀ ਹੋਵੇ, ਪਰਮੇਸ਼ਵਰ ਤੁਹਾਡੀ ਪਰਵਾਹ ਕਰਦੇ ਹਨ ਅਤੇ ਅੱਜ ਤੁਹਾਡੇ ਲਈ ਚਮਤਕਾਰ ਕਰਨ ਲਈ ਉਸੇ ਤਰ੍ਹਾਂ ਤਿਆਰ ਹੈ ਜਿਵੇਂ ਉਹ ਪੁਰਾਣੇ ਸਮੇ ਵਿੱਚ ਸੀ। ਜਦੋਂ ਤੁਸੀਂ ਉਦਾਸ ਮਹਿਸੂਸ ਕਰਦੇ ਹੋ, ਤਾਂ ਤੁਸੀਂ ਚਮਤਕਾਰਾਂ ਦੀ ਕਿਤਾਬ ਬਾਈਬਲ ਪੜ੍ਹ ਕੇ ਹੌਸਲਾ ਪਾ ਸਕਦੇ ਹੋ।

## ਸਾਡੇ ਸਮੇਂ ਲਈ ਪਰਮੇਸ਼ੁਰ ਦੇ ਸ਼ਬਦ

ਕੁਝ ਲੋਕ ਬਾਈਬਲ ਪੜ੍ਹਨ ਤੋਂ ਝਿਜਕਦੇ ਹਨ ਕਿਉਂਕਿ ਉਨ੍ਹਾਂ ਨੇ ਸੁਣਿਆ ਹੈ ਕਿ ਇਹ ਕਿਸੇ ਤਰ੍ਹਾਂ ਬਦਲ ਗਈ ਹੈ। ਸ਼ਾਇਦ ਇਹ ਗਲਤ ਧਾਰਨਾ ਬਹੁਤ ਸਾਰੇ ਲੋਕਾਂ ਦੀ ਜੀਵਨ ਸ਼ੈਲੀ ਕਾਰਨ ਹੈ ਜੋ ਬਾਈਬਲ ਦੀ ਪਾਲਣਾ ਕਰਨ ਦਾ ਦਾਅਵਾ ਕਰਦੇ ਹਨ। ਕਈ ਵਾਰ ਅਸੀਂ ਮਸੀਹੀਆਂ ਨੂੰ ਸ਼ਰਾਬ ਪੀਂਦੇ, ਜੂਆ ਖੇਡਦੇ, ਅਣਉਚਿਤ ਕੱਪੜੇ ਪਾਉਂਦੇ, ਸੂਰ ਦਾ ਮਾਸ ਖਾਂਦੇ ਅਤੇ ਲੋਕਾਂ ਨਾਲ ਬੇਰਹਿਮੀ ਨਾਲ ਪੇਸ਼ ਆਉਂਦੇ ਦੇਖਦੇ ਹਾਂ।

ਪਰ ਅਸਲ ਵਿਚ ਬਾਈਬਲ ਵਿਚ ਇਨ੍ਹਾਂ ਸਾਰੀਆਂ ਗਲਤ ਕੰਮਾ ਦੀ ਨਿੰਦਾ ਕੀਤੀ ਗਈ ਹੈ। ਜਦੋਂ ਲੋਕ ਪਰਮੇਸ਼ੁਰ ਦੀ ਅਣਆਗਿਆਕਾਰੀ ਵਿੱਚ ਰਹਿੰਦੇ ਹਨ, ਤਾਂ ਵੀ ਇਹ ਪਰਮੇਸ਼ਵਰ ਦੇ ਬਚਨ ਦੀ ਸਚਾਈ ਨੂੰ ਨਹੀਂ ਬਦਲਦਾ। ਯਸਾਯਾਹ ਨਬੀ ਨੇ ਲਿਖਿਆ: -ਘਾਹ ਸੁੱਕ ਜਾਂਦਾ ਹੈ, ਫੁੱਲ ਮੁਰਝਾ ਜਾਂਦਾ ਹੈ, ਪਰ ਸਾਡੇ ਪਰਮੇਸ਼ੁਰ ਦਾ ਬਚਨ ਸਦਾ ਕਾਇਮ ਰਹਿੰਦਾ ਹੈ” (ਯਸਾਯਾਹ 40:8)। ਕੀ ਤੁਸੀਂ ਸੋਚਦੇ ਹੋ ਕਿ ਮਨੁੱਖ ਪਰਮੇਸ਼ੁਰ ਦੇ ਬਚਨ ਨੂੰ ਬਦਲਣ ਲਈ ਇੰਨੇ ਸ਼ਕਤੀਸ਼ਾਲੀ ਹਨ, ਜਾਂ ਕੀ ਇਹ ਜ਼ਿਆਦਾ ਸੰਭਾਵਨਾ ਹੈ ਕਿ ਉਹ ਇਸ ਨੂੰ ਮਾੜੇ ਵਿਵਹਾਰ ਨਾਲ ਗਲਤ ਢੰਗ ਨਾਲ ਪੇਸ਼ ਕਰ ਰਹੇ ਹਨ?

## ਪਰਮੇਸ਼ੁਰ ਆਪਣੇ ਬਚਨ ਦੀ ਰੱਖਿਆ ਕਰਨ ਲਈ ਕਾਫ਼ੀ ਮਹਾਨ ਹੈ।

ਬਾਈਬਲ ਦੱਸਦੀ ਹੈ ਕਿ ਜਦੋਂ ਦਾਊਦ ਨਬੀ ਅਤੇ ਉਸ ਦੇ ਲੋਕ ਨੇਮ ਦੇ ਸੰਦੂਕ ਨੂੰ ਲੈ ਜਾ ਰਹੇ ਸਨ, ਇੱਕ ਵਿਸ਼ਾਲ ਸੋਨੇ ਦਾ ਸੰਦੂਕ ਜਿਸ ਵਿੱਚ ਦਸ ਹੁਕਮ ਸਨ। ਦਸ ਹੁਕਮ ਨੈਤਿਕ ਜੀਵਨ ਲਈ ਪਰਮੇਸ਼ੁਰ ਦੇ ਨਿਯਮ ਸਨ ਅਤੇ ਪੱਥਰ ਦੀਆਂ ਦੋ ਵੱਡੀਆਂ ਫੱਟੀਆਂ ਉੱਤੇ ਲਿਖੇ ਗਏ ਸਨ ਅਤੇ ਸੋਨੇ ਦੇ ਸੰਦੂਕ ਦੇ ਅੰਦਰ ਰੱਖੇ ਗਏ ਸਨ। ਭੀੜ ਵਿਚ, ਇਕ ਆਦਮੀ ਨੇ ਸੰਦੂਕ ਨੂੰ ਛੂਹਣ ਦੀ ਹਿੰਮਤ ਕੀਤੀ-ਅਤੇ ਉਹ ਉਸੇ ਸਮੇ ਮਰ ਗਿਆ।

ਜੇ ਪਰਮੇਸੁਰ ਅਪਮਾਨਜਨਕ ਹੱਥਾਂ ਨੂੰ ਉਸ ਪਵਿੱਤਰ ਸੰਦੂਕ ਨੂੰ ਛੂਹਣ ਦੀ ਇਜਾਜ਼ਤ ਨਹੀਂ ਦਿੰਦਾ ਜਿਸ ਵਿਚ ਉਸ

ਦਾ ਬਚਨ ਹੈ, ਤਾਂ ਪਰਮੇਸ਼ਵਰ ਦੁਸ਼ਟ ਆਦਮੀਆਂ ਨੂੰ ਇਕ ਸਧਾਰਨ ਕਲਮ ਨਾਲ ਆਪਣੇ ਲਿਖੇ ਬਚਨ ਤੱਕ ਪਹੁੰਚਣ ਦੀ ਕਿੰਨੀ ਘੱਟ ਇਜਾਜ਼ਤ ਦੇਵੇਗਾ? ਪਰਮੇਸ਼ੁਰ ਆਪਣੇ ਬਚਨ ਦੀ ਰੱਖਿਆ ਕਰਨ ਲਈ ਕਾਫ਼ੀ ਮਹਾਨ ਹੈ।

ਬਾਈਬਲ ਮਨੁੱਖੀ ਇਤਿਹਾਸ ਦੀ ਸਭ ਤੋਂ ਪ੍ਰਮਾਇਤ ਕਿਤਾਬ ਹੈ। ਕੁਝ ਸਮਾਂ ਪਹਿਲਾਂ ਫਲਸਤੀਨ ਵਿਚ ਤਿੰਨ ਬੇਡੂਇਨ ਚਰਵਾਹੇ-ਮੁਹੰਮਦ ਏਦ-ਢਿਬ, ਜੁਮਾ ਮੁਹੰਮਦ ਅਤੇ ਖਲੀਲ ਮੂਸਾ ਨੇ ਅਚਾਨਕ ਮ੍ਰਿਤ ਸਾਗਰ ਪੋਥੀਆਂ ਲੱਭ ਲਈਆਂ। ਇਹ ਇੱਕ ਪ੍ਰਮੁੱਖ ਪੁਰਾਤੱਤਵ ਖੋਜ ਸੀ। ਜਿਸ ਨੇ ਸਾਨੂੰ ਅੱਜ ਦੀ ਬਾਈਬਲ ਦੀ ਤੁਲਨਾ ਪ੍ਰਾਚੀਨ ਬਾਈਬਲ ਦੀਆਂ ਹੱਥ-ਲਿਖਤਾਂ ਨਾਲ ਕਰਨ ਦੀ ਇਜਾਜ਼ਤ ਦਿੱਤੀ। ਜੋ ਲਗਭਗ 2,000 ਸਾਲ ਪੁਰਾਣੀਆਂ ਹਨ। ਮੇਚ ਹੈਰਾਨੀਜਨਕ ਹੈ, ਦੁਬਾਰਾ ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ ਪਰਮੇਸ਼ਵਰ ਦੇ ਪਰਕਾਸ਼ ਨੂੰ ਬਦਲਿਆ ਨਹੀਂ ਜਾ ਸਕਦਾ। ਜੋ ਤੁਹਾਨੂੰ ਕਿਸੇ ਚਮਤਕਾਰ ਦੀ ਲੋੜ ਹੈ, ਤਾਂ ਤੁਸੀਂ ਯਕੀਨ ਕਰ ਸਕਦੇ ਹੋ ਕਿ ਬਾਈਬਲ ਦੱਖਣ ਲਈ ਇਕ ਭਰੋਸੇਯੋਗ ਜਗ੍ਹਾ ਹੈ। ਇੱਥੇ ਤੁਸੀਂ ਨੂਹ, ਅਬਰਾਹਿਮ, ਯੂਸੁਫ਼, ਯੂਨਾਹ (ਯੂਨਸ), ਦਾਨੀਏਲ, ਦਾਊਦ, ਅਤੇ ਸੁਲੇਮਾਨ ਵਰਗੇ ਨਬੀਆਂ ਬਾਰੇ ਸ਼ਾਨਦਾਰ ਕਹਾਣੀਆਂ ਪਾਓਗੇ। ਹੋ ਸਕਦਾ ਹੈ ਕਿ ਤੁਸੀ ਹੋਰ ਥਾਵਾਂ ‘ਤੇ ਉਨ੍ਹਾਂ ਬਾਰੇ ਟੁਕੜੇ ਸੁਣੇ ਹੋਣ, ਪਰ ਬਾਈਬਲ ਪੂਰੀ ਕਹਾਣੀ ਦੱਸਦੀ ਹੈ।

## ਆਓ ਆਪਣਾ ਚਮਤਕਾਰ ਲੱਭੋ

ਤੁਸੀਂ ਜੋ ਵੀ ਸੰਕਟ ਅਨੁਭਵ ਕਰ ਰਹੇ ਹੋਵੋ, ਬਾਈਬਲ ਤੁਹਾਡੇ ਲਈ ਇੱਕ ਚਮਤਕਾਰੀ ਕਹਾਣੀ ਹੈ।

- ਕੀ ਤੁਸੀਂ ਜਾਂ ਕੋਈ ਅਜ਼ੀਜ਼ ਬਿਮਾਰ ਹੈ? ਕੋੜ੍ਹ ਦੇ ਨਾਲ ਸੀਰੀਆ ਦੇ ਸੈਨਾਪਤੀ ਨਅਮਾਨ ਦੇ ਚਮਤਕਾਰੀ ਇਲਾਜ ਬਾਰੇ ਪੜ੍ਹੋ।
- ਕੀ ਤੁਸੀਂ ਆਪਣੇ ਪਰਿਵਾਰ ਨੂੰ ਖਾਣ ਪੇਣ ਲਈ ਸੰਘਰਸ਼ ਕਰ ਰਹੇ ਹੋ? ਲੈਬਨਾਨੀ ਵਿਧਵਾ ਅਤੇ ਉਸਦੇ ਪੁੱਤਰ ਬਾਰੇ ਪੜ੍ਹੋ, ਜੋ ਇਕ ਛੋਟੇ ਜਿਹਾ ਤੇਲ ਦੇ ਘੜੇ ਅਤੇ ਥੋੜ੍ਹੇ ਜਿਹੇ ਆਟੇ ਨਾਲ ਲੰਬੇ ਅਕਾਲ ਤੋਂ ਬਚ ਗਏ।
- ਕੀ ਤੁਹਾਡੀ ਜਾਨ ਖ਼ਤਰੇ ਵਿੱਚ ਹੈ? ਰਾਜੇ ਦੇ ਮਹਿਲ ਵਿੱਚ ਇੱਕ ਇਥੋਪੀਆਈ ਨੌਕਰ ਏਬੇਦ-ਮੇਲੇਕ ਬਾਰੇ ਪੜ੍ਹੋ, ਜਿਸਦੀ ਪਰ੍ਮੇਸ਼ੁਵਰ ਵਿੱਚ ਵਿਸ਼ਵਾਸ ਕਰਕੇ ਯੁੱਧ ਦੇ ਸਮੇਂ ਦੌਰਾਨ ਜਾਨ ਬਚਾਈ ਗਈ ਸੀ।
- ਕੀ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀ ਬਾਹਰ ਹੋ ਗਏ ਹੋ? ਹਾਜਰਾ ਮਿਸਰੀ ਬਾਰੇ ਪੜ੍ਹੋ, ਜਿਸ ਨੇ ਪਰ੍ਮੇਸ਼ੁਵਰ ਦੇ ਚਮਤਕਾਰ ਦੇਖੇ ਜਦੋਂ ਉਸ ਨੂੰ ਰੱਦ ਕਰ ਦਿੱਤਾ ਗਿਆ ਸੀ।
- ਕੀ ਤੁਸੀਂ ਜੀਵਨ ਦੀਆਂ ਮੁਸੀਬਤਾਂ ਦੇ ਹੇਠਾਂ ਡੱਬ ਰਹੇ ਹੋ? ਉਸ ਬਾਰੇ ਪੜ੍ਹੋ ਜਦੋਂ ਯਿਸੂ ਮਸੀਹ ਨੇ ਆਪਣਾ ਹੱਥ ਵਧਾਇਆ ਅਤੇ ਆਪਣੇ ਚੇਲਿਆਂ ਨੂੰ ਜਹਾਜ਼ ਦੇ ਡੁੱਬਣ ਤੋਂ ਬਚਾਉਣ ਲਈ ਇੱਕ ਸ਼ਕਤੀਸ਼ਾਲੀ ਤੂਫਾਨ ਨੂੰ ਸ਼ਾਂਤ ਕੀਤਾ।

## ਚਮਤਕਾਰੀ ਜਵਾਬ

ਜਦੋਂ ਅਸੀਂ ਬਾਈਬਲ ਪੜ੍ਹਦੇ ਹਾਂ, ਤਾਂ ਅਸੀਂ ਸਕਾਰਾਤਮਕ ਉਮੀਦ ਨਾਲ ਪ੍ਰਾਥਨਾ ਕਰਨ ਲਈ ਭਰੋਸੇ ਨਾਲ ਭਰ ਜਾਦੇ ਹਾਂ। ਯਿਸੂ ਮਸੀਹ ਨੇ ਕਿਹਾ: “ਜੋ ਕੁਝ ਤੁਸੀਂ ਵਿਸ਼ਵਾਸ ਨਾਲ

ਪ੍ਰਾਥਨਾ ਵਿੱਚ ਮੰਗੋਗੇ, ਤੁਹਾਨੂੰ ਮਿਲੇਗਾ (ਮੱਤੀ 21:22) ਜਦੋਂ ਅਸੀਂ ਦੂਜਿਆ ਦੀਆਂ ਕਹਾਣੀਆਂ ਪੜ੍ਹਦੇ ਹਾਂ ਜਿਨ੍ਹਾਂ ਨੇ ਪ੍ਰਭੂ ਤੋਂ ਚਮਤਕਾਰ ਪ੍ਰਾਪਤ ਕੀਤੇ ਹਨ ਤਾਂ ਸਾਡੇ ਦਿਲ ਸਾਡੀਆਂ ਬੇਨਤੀਆਂ ਨੂੰ ਸਵਰਗ ਵੱਲ ਦਬਾਉਣ ਦੀ ਉਮੀਦ ਨਾਲ ਪ੍ਰੇਰਿਤ ਹੁੰਦੇ ਹਨ।


ਕੀ ਤੁਹਾਨੂੰ ਚਮਤਕਾਰ ਦੀ ਲੋੜ ਹੈ? ਬਾਈਬਲ ਵਿਚਲੇ ਚਮਤਕਾਰਾਂ ਤੋਂ ਪ੍ਰੇਰਿਤ ਹੋਵੋ ਅਤੇ ਪ੍ਰਮੇਸ਼ੁਵਰ ਨੂੰ ਆਪਣੇ ਵਿੱਚੋਂ ਇੱਕ ਦੀ ਮੰਗ ਕਰੋ। ਉਹ ਅੱਜ ਤੁਹਾਡੀ ਪ੍ਰਾਥਨਾ ਜ਼ਰੂਰ ਸੁਣੇਗਾ।

ਜੇ ਤੁਸੀਂ ਬਾਈਬਲ ਵਿਚਲੇ ਚਮਤਕਾਰਾਂ ਬਾਰੇ ਹੋਰ ਜਾਣਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਇਸ ਪੇਪਰ ਦੇ ਪਿਛਲੇ ਪਾਸੇ ਦਿੱਤੀ ਜਾਣਕਾਰੀ ‘ਤੇ ਸਾਡੇ ਨਾਲ ਸੰਪਰਕ ਕਰੋ।

Copyright © 2023 by Sharing Hope Publications. ਬਨਿਾਂ ਇਜਾਜ਼ਤ ਦੇ ਗੈਰ-ਵਪਾਰਕ ਉਦੇਸ਼ਾਂ ਲਈ ਕੰਮ ਨੂੰ ਛਾਪਆਿ ਅਤੇ ਸਾਂਝਾ ਕੀਤਾ ਜਾ ਸਕਦਾ ਹੈ।

ਭਾਰਤੀ ਸੋਧਆਿ ਹੋਇਆ ਸੰਸਕਰਣ - ਪੰਜਾਬੀ® ਤੋਂ ਲਆਿ ਗਆਿ ਪੋਥੀ। ਬ੍ਰਜਿ ਕਨੈਕਟੀਵਟਿੀ ਸਲਊਿਸ਼ਨਜ਼ ਪ੍ਰਾਈਵੇਟ ਲੀ। ਲਮਿਟਿਡ © 2019। ਦੀ ਇਜਾਜ਼ਤ ਨਾਲ ਵਰਤਆਿ ਗਆਿ ਹੈ। ਸਾਰੇ ਹੱਕ ਰਾਖਵੇਂ ਹਨ।

# ਹੋਰ ਪੜ੍ਹਨਾ







ਹੋਰ ਜਾਣਨ ਲਈ QR
ਕੋਡ ਸਕੈਨ ਕਰੋ।